بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 07.02.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਮੁਹਮੱਦ ਬਿਨ ਮੁਸਲਮਾ ਰਜ਼ੀ ਅਲੱਾਹ ਅਨਹੁ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਮਨ ਭਾਉਂਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 07 ਫ਼ਰਵਰੀ 2020 ਈ. ਨੂੰ ਮਸਜਿਦ ਮੁਬਾਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿਹੜੇ ਸਹਾਬੀ ਦਾ ਜ਼ਿਕਰ ਹੋਵੇਗਾ ਉਹਨਾ ਦਾ ਨਾਂ ਹਜ਼ਰਤ ਮੁਹਮੱਦ ਬਿਨ ਮੁਸਲਮਾ ਅੰਸਾਰੀ ਰਜ਼ੀ ਅਲੱਾਹ ਅਨਹੁ ਹੈ । ਇਹਨਾ ਦਾ ਸੰਬੰਧ ਅੰਸਾਰ ਦੇ ਕਬੀਲੇ ਓਸ ਨਾਲ ਸੀ । ਹਮਜ਼ਰਤ ਮੁਹਮੱਦ ਬਿਨ ਮੁਸਲਮਾ ਪੁਰਾਣੇ ਇਸਲਾਮ ਕੁਬੂਲ ਕਰਨ ਵਾਲਿਆਂ ਵਿੱਚੋਂ ਸਨ । ਆਪ ਨੇ ਹਜ਼ਰਤ ਮਸਅਬ ਬਿਨ ਉਮੈਰ ਦੇ ਹੱਥ ਹਜ਼ਰਤ ਸਅਦ ਬਿਨ ਮਆਜ਼ ਤੋਂ ਪਹਿਲਾਂ ਇਸਲਾਮ ਕੁਬੂਲ ਕੀਤਾ । ਜੱਦ ਹਜ਼ਰਤ ਉਬੈਦਹ ਬਿਨ ਜਰਾਹ ਹਿਜਰਤ ਕਰਕੇ ਮਦੀਨੇ ਆਏ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਦੀ ਭਾਈਬੰਦੀ ਆਪ ਨਾਲ ਕਰਾਈ । ਆਪ ਉਹਨਾ ਸਹਾਬਾ ਵਿੱਚ ਸ਼ਾਮਲ ਸਨ ਜਿੰਨ੍ਹਾ ਨੇ ਕਅਬ ਬਿਨ ਅਸ਼ਰਫ਼ ਅਤੇ ਅਬੂ ਰਾਫ਼ਿਅ ਸਲਾਮ ਬਿਨ ਅਬੂ ਹਕੀਕ ਦਾ ਕਤਲ ਕੀਤਾ ਸੀ । ਇਹ ਦੋਵੇਂ ਉਹ ਫ਼ਸਾਦੀ ਸਨ ਜੋ ਮੁਸਲਮਾਨਾ ਨੂੰ ਹਾਣ ਪਹੁੰਚਾਉਣ'ਤੇ ਤੁਲੇ ਰਹਿੰਦੇ ਸਨ ਅਤੇ ਇਸੇ ਜਤਨ ਵਿੱਚ ਰਹਿੰਦੇ ਸਨ । ਸਗੋਂ ਮੁਸਲਾਮਾਨਾ ਉਪੱਰ ਹਮਲਾ ਕਰਾਉਣ ਦਾ ਵੀ ਜਤਨ ਕੀਤਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਉਪੱਰ ਵੀ ਹਮਲਾ ਕਰਨ ਦਾ ਜਤਨ ਕੀਤਾ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਮੁਹਮੱਦ ਬਿਨ ਮੁਸਲਮਾ ਨੂੰ ਇਹਨਾ ਦੇ ਕਤਲ ਲਈ ਨਿਯੁਕਤ ਕੀਤਾ ਸੀ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਕਈ ਜੰਗਾ ਦੇ ਮੌਕੇ ਇਹਨਾ ਨੂੰ ਮਦੀਨੇ'ਤੇ ਨਿਗਰਾਨ ਵੀ ਨਿਯੁਕਤ ਕੀਤਾ । ਹਜ਼ਰਤ ਮੁਹੱਮਦ ਬਿਨ ਮੁਸਲਮਾ ਦੇ ਪੁਤੱਰ ਜਾਫ਼ਰ, ਅਬਦੁਲੱਾਹ, ਸਅਦ, ਅਬਦੁਰ ਰਹਮਾਨ ਅਤੇ ਉਮਰ ਨਬੀ ਕਰੀਮ ਸਲਲਾਹੁ ਅਲੈਹਿ ਵਸਲਮ ਦੇ ਸਹਾਬਾ ਵਿੱਚ ਗਿਣੇ ਜਾਂਦੇ ਹਨ । ਹਜ਼ਰਤ ਮੁਹਮੱਦ ਬਿਨ ਮੁਸਲਮਾ ਤਬੂਕ ਦੀ ਜੰਗ ਤੋਂ ਬਿਨਾ ਸਾਰੀਆਂ ਜੰਗਾ ਵਿੱਚ ਸ਼ਾਮਲ

ਹੋਏ ਕਿਉਂਕਿ ਤਬੂਕ ਦੀ ਜੰਗ ਸਮੇਂ ਉਹ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਆਗਿਆ ਨਾਲ ਮਦੀਨਿ ਵਿੱਚ ਠਹਿਰਣ ਲਈ ਪਿੱਛੇ ਰਹਿ ਗਏ ਸਨ ।

ਜਿਵੇਂ ਕਿ ਜ਼ਿਕਰ ਹੋਇਆ ਹੈ ਕਿ ਦੋ ਫ਼ਸਾਦੀ ਅਤੇ ਇਸਲਾਮ ਦੇ ਦੁਸ਼ਮਣਾਂ ਦੇ ਕਤਲ ਵਿੱਚ ਹਜ਼ਰਤ ਮੁਹਮੱਦ ਬਿਨ ਮੁਸਲਮਾ ਸ਼ਾਮਲ ਸਨ । ਇਸ ਦਾ ਕੁਝ ਵਿਸਥਾਰ ਹਜ਼ਰਤ ਇਬਾਦਾਹ ਬਿਨ ਬਸ਼ਰ ਦੇ ਜਿਕਰ ਵਿੱਚ ਵਰਨਣ ਕਰ ਚੁਕਿਆ ਹਾਂ, ਫਿਰ ਵੀ ਕੁਝ ਸੰਖੇਪ ਜਿਹਾ ਜ਼ਿਕਰ ਕਰਦਾ ਹਾਂ । ਸੀਰਤ ਖ਼ਾਤਮੰਨਬੀਯੀਨ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਨੇ ਕਅਬ ਬਿਨ ਅਸ਼ਰਫ਼ ਦੇ ਕਤਲ ਬਾਰੇ ਲਿੱਖਿਆ ਹੈ ਕਿ ਬਦਰ ਦੀ ਜੰਗ ਨੇ ਮਦੀਨਿ ਦੇ ਯਹੂਦੀਆਂ ਦੀ ਮਾਨਸਕ ਦੁਸ਼ਮਣੀ ਨੂੰ ਪ੍ਰਕਟ ਕਰ ਦਿਤੱਾ ਸੀ ਅਤੇ ਉਹ ਵਿਰੋਧਤਾ ਵਿੱਚ ਵੱਧ ਗਏ ਸਨ, ਸੋ, ਕਅਬ ਬਿਨ ਅਸ਼ਰਫ਼ ਦਾ ਕਤਲ ਇਸੇ ਘਟਨਾ ਦੀ ਇਕ ਕੜੀ ਹੈ । ਬੇਸ਼ਕ ਕਅਬ ਧਰਮ ਵੱਜੋਂ ਯਹੂਦੀ ਸੀ ਪਰ ਵਾਸਤਵ ਵਿੱਚ ਉਹ ਯਹੂਦੀ ਨਸਲ ਵਿੱਚੋਂ ਨਹੀਂ ਸੀ ਸਗੋਂ ਅਰਬ ਸੀ । ਇਸ ਦਾ ਬਾਪ ਅਸ਼ਰਫ਼ ਇਕ ਹੁਸ਼ਿਆਰ ਤੇ ਚਲਦਾ ਪੁਰਜ਼ਾ ਵਿਅਕਤੀ ਸੀ । ਮਦੀਨਿ ਵਿੱਚ ਆਣਕੇ ਬਨੂ ਨਜ਼ੀਰ ਨਾਲ ਸੰਬੰਧ ਪੈਦਾ ਕੀਤੇ ਅਤੇ ਉਹਨਾ ਦਾ ਸਜੱਣ ਬਣ ਗਿਆ । ਅਖ਼ੀਰ ਉਸਨੇ ਐਨ੍ਹਾ ਪ੍ਰਭਾਵ ਤੇ ਰਸੂਖ਼ ਬਣਾ ਲਿਆ ਕਿ ਕਬੀਲਾ ਬਨੂ ਨਜ਼ੀਰ ਦੇ ਮਹਾਨ ਰਈਸ਼ ਅਬੂ ਰਾਫ਼ਿਅ ਬਿਨ ਅਬੀ ਹਕੀਕ ਨੇ ਆਪਣੀ ਲੜਕੀ ਰਿਸ਼ਤੇ ਵਿੱਚ ਦੇ ਦਿੱਤੀ ਅਤੇ ਉਸ ਦੀ ਕੋਖ ਤੋਂ ਕਅਬ ਪੈਦਾ ਹੋਇਆ । ਜਿਸਨੇ ਵੱਡੇ ਹੋਕੇ ਆਪਣੇ ਬਾਪ ਤੋਂ ਵੀ ਵਧੱਕੇ ਰੁਤਬਾ ਪ੍ਰਾਪਤ ਕੀਤਾ । ਇੱਥੋਂ ਤੱਕ ਕਿ ਉਸਨੂੰ ਇਹ ਮਾਣ ਪ੍ਰਾਪਤ ਹੋ ਗਿਆ ਕਿ ਸਾਰੇ ਅਰਬ ਦੇ ਯਹੂਦੀ ਉਸ ਨੂੰ ਆਪਣਾ ਸਰਦਾਰ ਸਮਝਣ ਲੱਗੇ ਆਚਰਣਕ ਦ੍ਰਿਸ਼ਟੀਕੋਣ ਤੋਂ ਉਹ ਇਕ ਅਤਿਅੰਤ ਭੈੜੇ ਆਚਰਣ ਦਾ ਵਿਅਕਤੀ ਸੀ ਅਤੇ ਗੁਪਤ ਚਾਲਾਂ ਅਤੇ ਸਾਜ਼ਸਾਂ ਘੜਨ ਵਿੱਚ ਮਾਹਰ ਸੀ । ਬਹਿਰਹਾਲ, ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਹਿਜਰਤ ਕਰਕੇ ਮਦੀਨਿ ਆਏ ਤਾਂ ਕਅਬ ਬਿਨ ਅਸ਼ਰਫ਼ ਨੇ ਹੋਰਨਾ ਯਹੂਦੀਆਂ ਨਾਲ ਮਿਲਕੇ ਇਸ ਸਮਝੌਤੇ ਵਿੱਚ ਭਾਗ ਲਿਆ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਅਤੇ ਯਹੂਦੀਆਂ ਵਿਚਕਾਰ ਆਪਸੀ ਮਿਤੱਰਤਾ, ਅਮਨ ਸ਼ਾਂਤੀ ਤੇ ਸਾਮੂਹਿਕ ਪ੍ਰਤੀ ਰੱਖਿਅਕ ਮਾਮਲਿਆਂ ਬਾਰੇ ਲਿੱਖਿਆ ਗਿਆ ਸੀ, ਪਰ ਅੰਦਰ ਹੀ ਅੰਦਰ ਕਅਬ ਦੇ ਮਨ ਵਿੱਚ ਕੀਨੇ ਤੇ ਦੁਸ਼ਮਣੀ ਦੀ ਅੱਗ ਭੜਕਣ ਲੱਗੀ ਅਤੇ ਉਸ ਨੇ ਗੁਪਤ ਚਾਲਾਂ ਤੇ ਸਾਜ਼ਸ਼ਾਂ ਇਸਲਾਮ ਤੇ ਇਸਲਾਮ ਦੇ ਬਾਨੀ ਵਿਰੁਧ ਘੜਨੀਆਂ ਅਰੰਭ ਕਰ ਦਿੱਤੀਆਂ । ਅਖ਼ੀਰ ਬਦਰ ਦੀ ਜੰਗ ਦੇ ਬਾਦ ਤਾਂ ਉਸ ਨੇ ਅਜਿਹਾ ਰੱਵੀਆ ਧਾਰਿਆ ਜੋ ਸਖ਼ਤ ਫ਼ਸਾਦ ਤੇ ਉਪਦੱਰ ਮਚਾਉਣ ਵਾਲਾ ਤੇ ਭੜਕਾਉ ਸੀ, ਜਿਸਦੇ ਸਬਬ ਮੁਸਲਮਾਨਾ ਵਿੱਚ ਅਤਿਅੰਤ ਖ਼ਤਰਨਾਕ ਹਾਲਾਤ ਪੈਦਾ ਹੋ ਗਏ ।

ਜੱਦ ਬਦਰ ਦੀ ਜੰਗ ਸਮੇਂ ਮੁਸਲਮਾਨਾ ਨੂੰ ਇਕ ਅਸਾਧਾਰਣ ਜਿੱਤ ਪ੍ਰਾਪਤ ਹੋਈ ਅਤੇ ਕੁਰੈਸ਼ ਦੇ ਅਨੇਕਾਂ ਹੀ ਰਈਸ ਮਾਰੇ ਗਏ ਤਾਂ ਉਸ ਨੇ ਸਮਝ ਲਿਆ ਕਿ ਹੁਣ ਇਹ ਨਵਾਂ ਧਰਮ ਐਂਵੇ ਹੀ ਮਿਟੱਦਾ ਦਿਖਾਈ ਨਹੀਂ ਦਿੰਦਾ । ਸੋ, ਉਸਨੇ ਬਦਰ ਦੀ ਜੰਗ ਦੇ ਬਾਦ ਆਪਣੇ ਪੂਰੇ ਜਤਨ ਇਸਲਾਮ ਨੂੰ ਢਾਹੁਣ ਤੇ ਤਬਾਹ ਕਰਨ ਵਿੱਚ ਲਾਉਂਣ ਦਾ ਨਿਸ਼ਚਾ ਕਰ ਲਿਆ ।

ਜੱਦ ਕਅਬ ਨੂੰ ਵਿਸ਼ਵਾਸ ਹੋ ਗਿਆ ਕਿ ਬਦਰ ਦੀ ਜਿੱਤ ਨੇ ਵਾਸਤਵ ਵਿੱਚ ਇਸਲਾਮ ਨੂੰ ਸਿਥਿਰਤਾ ਦੇ ਦਿੱਤੀ ਹੈ ਜਿਸਦਾ ਉਸਦੇ ਵਹਿਮਾ ਭਰਮਾ ਵਿੱਚ ਵੀ ਗੁਮਾਨ ਨਹੀਂ ਸੀ ਤਾਂ ਉਹ ਗੁੱਸੇ ਤੇ ਕ੍ਰੋਧ ਨਾਲ ਭਰ ਗਿਆ ਅਤੇ ਝੱਟ ਸਫ਼ਰ ਦੀ ਤਿਆਰੀ ਕਰਕੇ ਉਸਨੇ ਮੱਕੇ ਦਾ ਮਾਰਗ ਲਿਆ ਅਤੇ ਉੱਥੇ ਜਾਕੇ ਆਪਣੀ ਚਾਪਲੂਸੀ ਤੇ ਕਾਵਿ ਵਿਅੰਗਾ ਰਾਹੀਂ ਕੁਰੈਸ਼ ਦੇ ਮਨਾ ਦਿਆਂ ਅਗੱਾਂ ਨੂੰ ਹੋਰ ਭੜਕਾ ਦਿਤੱਾ ਅਤੇ ਉਹਨਾ ਦੇ ਦਿਲਾਂ ਵਿੱਚ ਮੁਸਲਮਾਨਾ ਦੇ ਰਕਤ ਦੀ ਨ ਬੁਝੱਣ ਵਾਲੀ ਤ੍ਰੇਹ ਪੈਦਾ ਕਰ ਦਿੱਤੀ ਅਤੇ ਉਹਨਾ ਦੇ ਸੀਨਿ ਦੁਸ਼ਮਣੀ ਤੇ ਬਦਲੇ ਦੀਆਂ ਭਾਵਨਾਵਾਂ ਨਾਲ ਭਰ ਦਿੱਤੇ ।

ਅਤੇ ਜੱਦ ਕਅਬ ਦੇ ਭੜਕਾਉਂਣ ਨਾਲ ਉਹਨਾ ਦੀਆਂ ਭਾਵਨਾਵਾਂ ਵਿੱਚ ਇਕ ਅਤਿਅੰਤ ਦਰਜੇ ਦੀ ਬਿਜਲੀ ਪੈਦਾ ਹੋ ਗਈ ਤਾਂ ਉਸ ਨੇ ਉਹਨਾ ਨੂੰ ਖ਼ਾਨਾ ਕਾਬਾ ਦੇ ਵਿਹੜੇ ਵਿੱਚ ਲਿਆਕੇ ਅਤੇ ਕਾਬੇ ਦੇ ਪਰਦੇ ਉਹਨਾ ਦੇ ਹੱਥ ਵਿੱਚ ਦੇਕੇ ਉਹਨਾਂ ਤੋਂ ਸਹੁੰਹਾਂ ਚੁਕਵਾਈਆਂ ਕਿ ਜੱਦ ਤੱਕ ਇਸਲਾਮ ਅਤੇ ਇਸਲਾਮ ਦੇ ਬਾਨੀ ਨੂੰ ਸੰਸਾਰ ਵਿੱਚੋਂ ਮਿਲੀਆਮੇਟ ਨ ਕਰ ਦਿਆਂਗੇ ਉਸ ਸਮੇਂ ਤੱਕ ਚੈਨ ਨਾਲ ਨਹੀਂ ਬੈਠਾਂਗੇ ।

ਇਸ ਦੇ ਬਾਦ ਉਸ ਬਦਬਖ਼ਤ ਨੇ ਅਰਬ ਦੇ ਹੋਰਨਾ ਕਬੀਲਿਆਂ ਵੱਲ ਮੂੰਹ ਕੀਤਾ ਅਤੇ ਇਕ ਇਕ ਜਾਤੀ ਵੱਲ ਫਿਰਕੇ ਮੁਸਲਮਾਨਾ ਦੇ ਵਿਰੁਧ ਭੜਕਾਇਆ ਅਤੇ ਫਿਰ ਮਦੀਨੇ ਪਰਤਕੇ ਮੁਸਲਮਾਨ ਇਸਤਰੀਆਂ'ਤੇ ਵਿਅੰਗ ਕਸੇ ਅਰਥਾਤ ਆਪਣੇ ਭੜਕੀਲੇ ਸ਼ੇਅਰਾਂ ਵਿੱਚ ਅਤਿਅੰਤ ਭੈੜੇ ਤੇ ਲਚੱਰ ਵਿਅੰਗਾਂ ਨਾਲ ਮੁਸਲਮਾਨ ਇਸਤਰੀਆਂ ਦੀ ਚਰਚਾ ਕੀਤੀ । ਇੱਥੋਂ ਤੱਕ ਕਿ ਨਬੁਵੱਤ ਦੇ ਪਰਿਵਾਰ ਦੀਆਂ ਇਸਤਰੀਆਂ ਨੂੰ ਵੀ ਆਪਣੇ ਲਚੱਰ ਕਾਵਿ ਵਿਅੰਗਾਂ ਦਾ ਨਿਸ਼ਾਨਾ ਬਣਾਉਣ ਤੋਂ ਨ ਰੁਕਿਆ ਅਤੇ ਦੇਸ਼ ਵਿੱਚ ਇਹਨਾ ਸ਼ੇਅਰਾਂ ਦੀ ਚਰਚਾ ਕਰਵਾਈ । ਫਿਰ ਉਸਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਕਤਲ ਦੀ ਸਾਜ਼ਸ਼ ਵੀ ਰਚੀ ਅਤੇ ਆਪਨੂੰ ਕਿਸੇ ਦਾਅਵਤ ਆਦਿ ਦੇ ਬਹਾਨੇ ਆਪਣੇ ਘਰ ਬੁਲਾਕੇ ਕੁਝ ਨੌਜੁਵਾਨ ਯਹੂਦੀਆਂ ਦੇ ਹੱਥੋਂ ਕਤਲ ਕਰਾਉਣ ਦਾ ਮਨਸੂਬਾ ਬਣਾਇਆ ਪਰੰਤੂ ਰੱਬ ਦੀ ਮਿਹਰ ਨਾਲ ਸਮੇਂ ਤੋਂ ਪਹਿਲਾਂ ਸੂਚਨਾ ਮਿਲ ਗਈ ਅਤੇ ਇਸ ਦੀ ਇਹ ਸਾਜ਼ਸ਼ ਸਫ਼ਲ ਨ ਹੋਈ ।

ਜੱਦ ਨੌਬਤ ਇੱਥੋਂ ਤੱਕ ਪਹੁੰਚ ਗਈ ਅਤੇ ਕਅਬ ਦੇ ਵਿਰੁਧ ਸਮਝੌਤਾ ਤੋੜਨ, ਬਗ਼ਾਵਤ, ਜੰਗ ਦੀ ਤਹਿਰੀਕ, ਫ਼ਸਾਦ ਮਚਾਉਣਾ, ਅਸ਼ਲੀਲ ਬਕਵਾਸ ਅਤੇ ਕਤਲ ਦੀ ਸਾਜ਼ਸ਼ ਰਚਨ ਦੇ ਆਰੋਪ ਪ੍ਰਮਾਣਤ ਹੋ ਗਏ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਹ ਫ਼ੈਸਲਾ ਕੀਤਾ ਕਿ ਕਅਬ ਬਿਨ ਅਸ਼ਰਫ਼ ਆਪਣੀਆਂ ਹਰਕਤਾਂ ਕਰਕੇ ਕਤਲ ਯੋਗ ਹੈ । ਕਿਉਂਕਿ ਉਸ ਸਮੇਂ ਕਅਬ ਦੀਆਂ ਫ਼ਿਤਨੇ ਭਰਪੂਰ ਗਤੀਵਿਧੀਆਂ ਕਰਕੇ ਮਦੀਨੇ ਦਾ ਵਾਤਾਵਰਣ ਅਜਿਹਾ ਹੋ ਰਿਹਾ ਸੀ ਕਿ ਜੇਕਰ ਉਸ ਦੇ ਵਿਰੁਧ ਰਸਮੀ ਤੌਰ'ਤੇ ਐਲਾਨ ਕਰਕੇ ਉਸਨੂੰ ਕਤਲ ਕੀਤਾ ਜਾਂਦਾ ਤਾਂ ਮਦੀਨੇ ਵਿੱਚ ਇਕ ਖ਼ਤਰਨਾਕ ਖ਼ਾਨਾਜੰਗੀ ਅਰੰਭ ਹੋ ਜਾਣ ਦੀ ਸੰਭਾਵਨਾ ਸੀ, ਜਿਸਦੇ ਸਬਬ ਪਤਾ ਨਹੀਂ ਕਿੰਨ੍ਹਾ ਰਕਤਪਾਤ ਹੁੰਦਾ । ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਹਰ ਸੰਭਵ ਕੁਰਬਾਨੀ ਕਰਕੇ ਵਿਆਪਕ ਰਕਤਪਾਤ ਨੂੰ ਰੋਕਣਾ ਚਾਹੁੰਦੇ ਸਨ । ਆਪ ਨੇ ਇਹ ਨਿਰਦੇਸ਼ ਦਿਤੱਾ ਕਿ ਕਅਬ ਨੂੰ ਖੁੱਲੇ ਤੋਰ'ਤੇ ਕਤਲ ਨ ਕੀਤਾ ਜਾਏ ਸਗੋਂ ਕੁਝ ਲੋਕ ਗੁਪਤ ਰੂਪ ਵਿੱਚ ਕੋਈ ਉਚਿਤ ਮੌਕਾ ਤਾੜਕੇ ਉਸਨੂੰ ਕਤਲ ਕਰ ਦੇਣ ਅਤੇ ਇਹ ਡਿਊਟੀ ਆਪ ਨੇ ਓਸ ਕਬੀਲੇ ਇਕ ਨੇਕ ਸਹਾਬੀ ਮੁਹਮੱਦ ਬਿਨ ਮੁਸਲਮਾ ਦੇ ਸੁਪੁਰਦ ਕੀਤੀ ਅਤੇ ਉਹਨਾ ਨੂੰ ਤਾਕੀਦ ਕੀਤੀ ਕਿ ਜੋ ਵੀ ਢੰਗ ਅਪਨਾਉਣ ਓਸ ਕਬੀਲੇ ਦੇ ਰਈਸ ਸਅਦ ਬਿਨ ਮਆਜ਼ ਦੇ ਮਸ਼ਵਰੇ ਨਾਲ ਕਰਨ । ਮੁਹਮੱਦ ਬਿਨ ਮੁਸਲਮਾ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਗੁਪਤ ਰੂਪ ਵਿੱਚ ਕਤਲ ਕਰਨ ਲਈ ਤਾਂ ਕੋਈ ਗੱਲ ਆਖਣੀ ਹੋਵੇਗੀ ਅਰਥਾਤ ਕੋਈ ਉਜ਼ਰ ਬਨਾਉਂਣਾ ਹੋਵੇਗਾ, ਜਿਸਦੇ ਸਬਬ ਕਅਬ ਨੂੰ ਉਸਦੇ ਘਰ ਤੋਂ ਬਾਹਰ ਕਢੱਕੇ ਕਿਸੇ ਸੁਰੱਖਿਅਤ ਥਾਂ ਲਿਆਕੇ ਕਤਲ ਕੀਤਾ ਜਾ ਸਕੇ । ਆਪ ਨੇ ਫ਼ਰਮਾਇਆ ਕਿ ਚੰਗਾ, ਸੋ, ਮੁਹਮੱਦ ਬਿਨ ਮੁਸਲਮਾ ਨੇ ਸਅਦ ਬਿਨ ਮਆਜ਼ ਦੇ ਸਲਾਹ ਮਸ਼ਵਰੇ ਨਾਲ ਅਬੂ ਨਾਇਲਾ ਅਤੇ ਦੋ ਤਿੰਨ ਹੋਰ ਸਹਾਬਾ ਨੂੰ ਆਪਣੇ ਨਾਲ ਲਿਆ ਅਤੇ ਕਅਬ ਦੇ ਘਰ ਪਹੁੰਚੇ ਅਤੇ ਕਅਬ ਨੂੰ ਉਸਦੇ ਘਰੋ ਬਾਹਰ ਬੁਲਾਕੇ ਕਿਹਾ ਕਿ ਸਾਡੇ ਸਾਹਬ ਅਰਥਾਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਸਾਡੇ ਕੋਲੋਂ ਸਦਕਾ ਮੰਗਦੇ ਹਨ ਅਤੇ ਅਸੀਂ ਤੰਗਹਾਲ ਹਨ । ਕੀ ਤੁਸੀਂ ਮਿਹਰਬਾਨੀ ਕਰਕੇ ਸਾਨੂੰ ਕੁਝ ਕਰਜ਼ਾ ਦੇ ਸਕਦੇ ਹੋ ? ਇਹ ਗੱਲ ਸੁਣਕੇ ਕਅਬ ਖ਼ੁਸ਼ੀ ਨਾਲ ਉਛੱਲ ਪਿਆ ਅਤੇ ਕਹਿਣ ਲਗੱਾ ਕਿ ਵਲੱਾਹ, ਹੁਣੇ ਕੀ ਹੈ ਉਹ

ਦਿਨ ਵੀ ਦੂਰ ਨਹੀਂ ਜੱਦ ਤੁਸੀਂ ਇਸ ਵਿਅਕਤੀ ਤੋਂ ਤੰਗ ਆਕੇ ਉਸ ਨੂੰ ਛੱਡ ਦਿਓਗੇ । ਮੁਹਮੱਦ ਬਿਨ ਮੁਸਲਮਾ ਨੇ ਉਤੱਰ ਦਿਤੱਾ, ਖ਼ੈਰ ਅਸੀਂ ਤਾਂ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਧਾਰਨ ਕਰ ਚੁੱਕੇ ਹਾਂ, ਜਿਸ ਕੰਮ ਲਈ ਤੁਹਾਡੇ ਕੋਲ ਆਏ ਹਾਂ ਤੁਸੀਂ ਇਹ ਦੱਸੋ ਕਿ ਕਰਜ਼ ਦਿਓਗੇ ਜਾਂ ਨਹੀਂ ? ਕਅਬ ਨੇ ਕਿਹਾ, ਹਾਂ, ਪਰ ਤੁਸੀਂ ਕੋਈ ਚੀਜ਼ ਗਿਰਵੀ ਰੱਖੋ । ਮੁਹਮੱਦ ਨੇ ਪੁੱਛਿਆ ਕੀ ਚੀਜ਼ ? ਇਸ ਬਦਬਖ਼ਤ ਨੇ ਕਿਹਾ ਕਿ ਆਪਣੀਆਂ ਔਰਤਾਂ ਗਿਰਵੀ ਰੱਖ ਦਿਓ । ਮੁਹਮੱਦ ਨੇ ਗੁੱਸੇ ਨੂੰ ਦਬੱਕੇ ਕਿਹਾ ਇਹ ਕਿਵੇਂ ਹੋ ਸਕਦਾ ਹੈ ਕਿ ਤੁਹਾਡੇ ਜਿਹੇ ਵਿਅਕਤੀ ਕੋਲ ਅਸੀਂ ਆਪਣੀਆਂ ਔਰਤਾਂ ਗਿਰਵੀ ਰੱਖ ਦੇਈਏ । ਉਸ ਨੇ ਕਿਹਾ, ਚੰਗਾ, ਤਾਂ ਫਿਰ ਪੁਤੱਰ ਹੀ ਸਹੀ । ਮੁਹਮੱਦ ਬਿਨ ਮੁਸਲਮਾ ਨੇ ਉਤੱਰ ਦਿਤੱਾ ਕਿ ਇਹ ਵੀ ਅਸੰਭਵ ਹੈ । ਅਸੀਂ ਸਾਰੇ ਅਰਬ ਦੇ ਮਿਹਣਿਆਂ ਤੇ ਤਾਨਿਆਂ ਨੂੰ ਆਪਣੇ ਸਿਰ ਨਹੀਂ ਲੈ ਸਕਦੇ, ਹਾਂ, ਜੇਕਰ ਤੁਸੀਂ ਮਿਹਰਬਾਨੀ ਕਰੋ ਤਾਂ ਅਸੀਂ ਆਪਣੇ ਹੱਥਿਆਰ ਗਿਰਵੀ ਰੱਖ ਦਿੰਦੇ ਹਾਂ । ਕਅਬ ਰਾਜ਼ੀ ਹੋ ਗਿਆ ਅਤੇ ਮੁਹਮੱਦ ਬਿਨ ਮੁਸਲਮਾ ਅਤੇ ਉਹਨਾ ਦੇ ਸਾਥੀ ਰਾਤ ਨੂੰ ਆਉਣ ਦਾ ਵਾਦਾ ਕਰਕੇ ਵਾਪਸ ਚਲੇ ਗਏ ਅਤੇ ਜੱਦ ਰਾਤ ਹੋਈ ਤਾਂ ਇਹ ਪਾਰਟੀ ਹੱਥਿਆਰ ਆਦਿ ਨਾਲ ਲੈਕੇ ਕਅਬ ਦੇ ਘਰ ਪਹੁੰਚੇ ਅਤੇ ਉਸ ਨੂੰ ਘਰੋਂ ਬਾਹਰ ਕਢੱਕੇ ਗਲੱਾਂ ਕਰਦਿਆਂ ਕਰਦਿਆਂ ਇਕ ਪਾਸੇ ਲੈ ਗਏ ਅਤੇ ਉਸਨੂੰ ਕਤਲ ਕਰ ਦਿਤੱਾ । ਮੁਹਮੱਦ ਬਿਨ ਮੁਸਲਮਾ ਅਤੇ ਉਹਨਾ ਦੇ ਸਾਥੀ ਉੱਥੋਂ ਨਿਕਲਕੇ ਛੇਤੀ ਛੇਤੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਆਪਨੂੰ ਇਸਦੇ ਕਤਲ ਦੀ ਸੂਚਨਾ ਦਿੱਤੀ ।

ਜੱਦ ਕਅਬ ਦੇ ਕਤਲ ਦੀ ਖ਼ਬਰ ਮਸ਼ਹੂਰ ਹੋਈ ਤਾਂ ਸ਼ਹਿਰ ਵਿੱਚ ਸਨਸਨੀ ਫੈਲ ਗਈ ਅਤੇ ਯਹੂਦੀ ਲੋਕ ਅਤਿਅੰਤ ਭਾਵਕ ਹੋ ਗਏ ਅਤੇ ਦੂਜੇ ਦਿਨ ਸਵੇਰ ਸਮੇਂ ਯਹੂਦੀਆਂ ਦਾ ਇਕ ਜਥੱਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਸ਼ਿਕਾਇਤ ਕੀਤੀ ਕਿ ਸਾਡੇ ਸਰਦਾਰ ਕਅਬ ਬਿਨ ਅਸ਼ਰਫ਼ ਨੂੰ ਇਸ ਪ੍ਰਕਾਰ ਕਤਲ ਕਰ ਦਿਤੱਾ ਗਿਆ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਉਹਨਾ ਦੀਆਂ ਗਲੱਾਂ ਸੁਣਕੇ ਫ਼ਰਮਾਇਆ ਕਿ ਤੁਹਾਨੂੰ ਇਹ ਵੀ ਪਤਾ ਹੈ ਕਿ ਕਅਬ ਕਿਹੜੇ ਕਿਹੜੇ ਜੁਰਮ ਦਾ ਅਪਰਾਧੀ ਹੋਇਆ ਹੈ ਅਤੇ ਫਿਰ ਆਪ ਨੇ ਸਾਮੂਹਿਕ ਰੂਪ ਵਿੱਚ ਸਮਝੌਤੇ ਨੂੰ ਤੋੜਨ, ਜੰਗ ਦੀ ਛੇੜ ਛੇੜਨ, ਉਪਦੱਰ ਮਚਾਉਣ, ਫ਼ਿਤਨੇ ਫ਼ੈਲਾਉਣ, ਅਸ਼ਲੀਲ ਗਲੱਾਂ ਅਤੇ ਕਤਲ ਦੀਆਂ ਸਾਜ਼ਸਾਂ ਰਚਣ ਆਦਿ ਦੀਆਂ ਕਾਰਵਾਈਆਂ ਚੇਤੇ ਕਰਵਾਈਆਂ, ਜਿਸ'ਤੇ ਇਹ ਲੋਕ ਡਰਕੇ ਚੁੱਪ ਹੋ ਗਏ । ਇਸ ਦੇ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਤੁਹਾਨੂੰ ਚਾਹੀਦਾ ਹੈ ਕਿ ਘੱਟੋ ਘੱਟ ਭਵਿੱਖ ਲਈ ਹੀ ਅਮਨ ਤੇ ਸ਼ਾਂਤੀ ਨਾਲ ਰਹੋ ਅਤੇ ਦੁਸ਼ਮਣੀਆਂ ਤੇ ਉਪਦੱਰਾਂ ਦੇ ਬੀ ਨ ਬੀਜੋ । ਸੋ, ਯਹੂਦੀਆਂ ਦੀ ਰਜ਼ਾਮੰਦੀ ਨਾਲ ਭਵਿੱਖ ਲਈ ਇਕ ਨਵਾਂ ਸਮਝੌਤਾ ਲਿੱਖਿਆ ਗਿਆ ਅਤੇ ਯਹੂਦੀਆਂ ਨੇ ਮੁਸਲਮਾਨਾ ਨਾਲ ਅਮਨ ਸ਼ਾਂਤੀ ਨਾਲ ਰਹਿਣ ਅਤੇ ਉਪਦੱਰ ਦੇ ਤਰੀਕਿਆਂ ਤੋਂ ਬਚਣ ਦਾ ਨਵੇਂ ਸਿਰਿਓਂ ਸਮਝੋਤਾ ਕੀਤਾ । ਜੇਕਰ ਕਅਬ ਮੁਜਰਮ ਨ ਹੁੰਦਾ ਤਾਂ ਯਹੂਦੀ ਕਦੇ ਵੀ ਐਨ੍ਹੀ ਅਸਾਨੀ ਨਾਲ ਨਵਾਂ ਸਮਝੌਤਾ ਨ ਕਰਦੇ ਅਤੇ ਉਸ ਦੇ ਕਤਲ'ਤੇ ਚੁੱਪ ਨ ਰਹਿੰਦੇ ਕਿਉਂਕਿ ਉਹਨਾ ਦੇ ਮਨ ਅਨੁਭਵ ਕਰਦੇ ਸਨ ਕਿ ਕਅਬ ਆਪਣੇ ਉਚਿਤ ਦੰਡ ਨੂੰ ਪਹੁੰਚਿਆ ਹੈ ।

ਕਅਬ ਬਿਨ ਅਸ਼ਰਫ਼ ਦੇ ਕਤਲ'ਤੇ ਕੁਝ ਪਛੱਮੀ ਇਤਿਹਾਸਕਾਰਾਂ ਦੇ ਬਹੁਤ ਕੁਝ ਲਿੱਖਿਆ ਹੈ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਦਾਮਨ ਉਪੱਰ ਇਕ ਭੈੜੇ ਦਾਗ਼ ਦੇ ਰੂਪ ਵਿੱਚ ਪ੍ਰਕਟ ਕਰਕੇ ਇਸ ਕਤਲ'ਤੇ ਖੰਡਨ ਕੀਤੇ ਹਨ । ਪਰੰਤੂ ਦੇਖਣਾ ਇਹ ਹੈ, ਕਿ ਪਹਿਲਾਂ ਤਾਂ, ਕਿ ਕੀ ਇਹ ਕਤਲ ਆਪਣੇ ਆਪ ਵਿੱਚ ਇਕ ਉਚਿਤ ਕਰਮ ਸੀ ਜਾਂ ਨਹੀਂ ? ਦੂਜਾ ਇਹ ਕਿ ਕੀ ਜੋ ਢੰਗ ਉਸਦੇ ਕਤਲ ਲਈ ਅਪਣਾਇਆ ਗਿਆ ਉਹ ਜਾਇਜ਼ ਸੀ ਜਾਂ ਨਹੀਂ ?

ਹਜ਼ੂਰ ਅਨਵਰ ਨੇ ਫ਼ਰਮਾਇਆ : ਚੇਤੇ ਰਖੱਣਾ ਚਾਹੀਦਾ ਹੈ ਕਿ ਕਅਬ ਬਿਨ ਅਸ਼ਰਫ਼, ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਾਲ ਬਕਾਇਦਾ ਸਮਝੌਤਾ ਕਰ ਚੁੱਕਿਆ ਸੀ ਅਤੇ ਮੁਸਲਮਾਨ ਦੇ ਵਿਰੁਧ ਕਾਰਵਾਈ ਕਰਨਾ ਤਾਂ ਇਕ ਪਾਸੇ, ਉਸਨੇ ਤਾਂ ਇਸ ਗੱਲ ਦਾ ਆਹਿਦ ਕੀਤਾ ਸੀ ਕਿ ਉਹ ਹਰ ਬਾਹਰੋਂ ਆਉਣ ਵਾਲੇ ਦੁਸ਼ਮਣ ਦੇ ਖ਼ਿਲਾਫ਼ ਮੁਸਲਮਾਨ ਦੀ ਮਦਦ ਕਰੇਗਾ ਅਤੇ ਮੁਸਲਮਾਨਾ ਨਾਲ ਮਿਤੱਰਤਾ ਵਾਲੇ ਸੰਬੰਧ ਰੱਖੇਗਾ । ਪਰ ਕਅਬ ਨੇ ਤਾਂ ਸਾਰੇ ਹੀ ਅਹਿਦ ਤੇ ਸਮਝੌਤਿਆਂ ਨੂੰ ਭੰਨਕੇ ਮੁਸਲਮਾਨਾ ਨਾਲ ਸਗੋਂ ਸਚੱਾਈ ਇਹ ਹੈ ਕਿ ਸਮੇਂ ਦੀ ਸਰਕਾਰ ਨਾਲ ਗ਼ਦੱਾਰੀ ਕੀਤੀ। ਕੀ ਅੱਜ ਕੱਲ ਸੱਭਿਆ ਅਖਵਾਉਣ ਵਾਲੇ ਦੇਸ਼ਾਂ ਵਿੱਚ ਬਗ਼ਾਵਤ, ਪ੍ਰਣ ਭੰਨਣ, ਭੜਕਾਉਣ ਅਤੇ ਕਤਲ ਦੀਆਂ ਸਾਜ਼ਸ਼ਾਂ ਰਚਣ ਵਾਲੇ ਮੁਜਰਮਾ ਨੂੰ ਕਤਲ ਦੀ ਸਜ਼ਾ ਨਹੀਂ ਦਿੱਤੀ ਜਾਂਦੀ ?

ਹੁਣ ਪ੍ਰਸ਼ਨ ਇਹ ਉਠੱਦਾ ਹੈ ਕਿ ਕੀ ਕਅਬ ਦੇ ਕਤਲ ਦਾ ਤਰੀਕਾ ਜਾਇਜ਼ ਸੀ ਜਾਂ ਨਹੀਂ । ਇਸ ਦੇ ਉਤੱਰ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਅਰਬ ਵਿੱਚ ਉਸ ਸਮੇਂ ਕੋਈ ਬਕਾਇਦਾ ਰਾਜ ਪ੍ਰਬੰਧ ਨਹੀਂ ਸੀ ਸਗੋਂ ਹਰ ਵਿਅਕਤੀ ਅਤੇ ਹਰ ਕਬੀਲਾ ਅਜ਼ਾਦ ਤੇ ਖ਼ੁਦਮੁਖ਼ਤਾਰ ਸੀ । ਅਜਿਹੀ ਅਵਸਥਾ ਵਿੱਚ ਉਹ ਕਿਹੜੀ ਅਦਾਲਤ ਸੀ ਜਿੱਥੇ ਕਅਬ ਦੇ ਵਿਰੁਧ ਮੁਕਦੱਮਾ ਦਾਇਰ ਕਰਕੇ ਬਕਾਇਦਾ ਕਤਲ ਦਾ ਹੁਕਮ ਹਾਸਲ ਕੀਤਾ ਜਾਂਦਾ ?

ਇਹ ਗੱਲ ਵੀ ਚੇਤੇ ਰਖੱਣੀ ਚਾਹੀਦੀ ਹੈ ਕਿ ਇਸ ਸਮਝੌਤੇ ਦੇ ਪੱਖੋਂ ਜੋ ਹਿਜਰਤ ਦੇ ਬਾਦ ਮੁਸਲਮਾਨਾ ਤੇ ਯਹੂਦੀਆਂ ਵਿੱਚਕਾਰ ਹੋਇਆ ਸੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਇਕ ਸਾਧਾਰਣ ਸ਼ਹਿਰੀ ਦੀ ਹੈਸੀਯਤ ਹਾਸਲ ਨਹੀਂ ਸੀ ਸਗੋਂ ਆਪ ਇਸ ਲੋਕਤੰਤਰੀ ਰਾਜ ਦੇ ਪ੍ਰਧਾਨ ਕਰਾਰ ਪਾਏ ਸਨ ਜੋ ਮਦੀਨੇ ਵਿੱਚ ਕਾਇਮ ਹੋਇਆ ਸੀ ਅਤੇ ਆਪ ਨੂੰ ਇਹ ਅਖ਼ਤਿਆਰ ਦਿਤੱਾ ਗਿਆ ਸੀ ਕਿ ਸਾਰਿਆਂ ਝਗੜਿਆਂ, ਮਤਿਭੇਦਾਂ ਅਤੇ ਰਾਜਨੀਤਿਕ ਨਿਰਣਿਆਂ ਵਿੱਚ ਜੋ ਫ਼ੈਸਲਾ ਉਚਿਤ ਸਮਝਣ ਲਾਗੂ ਕਰਨ । ਸੋ, ਆਪਨੇ ਦੇਸ਼ ਦੇ ਅਮਨ ਤੇ ਸ਼ਾਂਤੀ ਲਈ ਕਅਬ ਦੇ ਉਪਦਰੱਾਂ ਕਰਕੇ ਉਸਨੂੰ ਕਤਲਯੋਗ ਕਰਾਰ ਦਿਤੱਾ ।

ਬਾਕੀ ਰਿਹਾ ਇਹ ਇਤਰਾਜ਼ ਕਿ ਇਸ ਮੌਕੇ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਸਹਾਬਾ ਨੂੰ ਝੂਠ ਬੋਲਣ ਅਤੇ ਧੋਖੇ ਦੀ ਆਗਿਆ ਦਿੱਤੀ । ਸੋ, ਇਹ ਉਕੱਾ ਹੀ ਗਲਤ ਹੈ ਅਤੇ ਸਹੀ ਰਿਵਾਇਤਾਂ ਇਸ ਨੂੰ ਝੂਠਲਾਉਂਦੀਆਂ ਹਨ । ਬੁਖ਼ਾਰੀ ਦੀ ਰਿਵਾਇਤ ਅਨੁਸਾਰ ਜੱਦ ਮੁਹਮੱਦ ਬਿਨ ਮੁਸਲਮਾ ਨੇ ਆਪ ਤੋਂ ਇਹ ਪੁੱਛਿਆ ਕਿ ਕਅਬ ਨੂੰ ਖ਼ਾਮੋਸ਼ੀ ਨਾਲ ਕਤਲ ਕਰਨ ਲਈ ਕੋਈ ਗੱਲ ਤਾਂ ਆਖਣੀ ਹੋਵੇਗੀ ਤਾਂ ਆਪ ਨੇ ਇਸ ਮਹਾਨ ਲਾਭ ਨੂੰ ਸੰਮੁੱਖ ਰੱਖਦਿਆਂ ਹੋਇਆਂ ਜੋ ਗੁਪਤ ਦੰਡ ਦੇਣ ਵਾਲੇ ਸਨ, ਉਤੱਰ ਵਿੱਚ ਕੇਵਲ ਇਹਨਾ ਕਿਹਾ ਤੇ ਹਾਂ, ਅਤੇ ਇਸ ਤੋਂ ਵੱਧ ਇਸ ਮੌਕੇ'ਤੇ ਆਪ ਵੱਲੋਂ ਜਾਂ ਮੁਹਮੱਦ ਬਿਨ ਮੁਸਲਮਾ ਵੱਲੋਂ ਉਕੱਾ ਹੀ ਕੋਈ ਵਿਸਥਾਰ ਜਾਂ ਵਿਸ਼ਲੇਸ਼ਣ ਨਹੀਂ ਹੋਇਆ । ਅਖ਼ੀਰ ਜੰਗ ਸਮੇਂ ਜਾਸੂਸ ਆਦਿ ਜੋ ਆਪਣੇ ਕਰਤਵ ਪੂਰੇ ਕਰਦੇ ਹਨ ਤਾਂ ਉਹਨਾ ਨੂੰ ਵੀ ਇਸ ਪ੍ਰਕਾਰ ਦੀਆ ਗਲੱਾਂ ਆਖਣੀਆਂ ਪੈਂਦੀਆਂ ਹਨ, ਜਿਸ'ਤੇ ਕਦੇ ਵੀ ਕਿਸੇ ਸੂਝਵਾਨ ਨੂੰ ਕੋਈ ਇਤਰਾਜ਼ ਨਹੀਂ ਹੋਇਆ । ਸੋ, ਆਂਹਜ਼ਰਤ ਸਲਲੱਾਹੁ ਆਲੈਹਿ ਵਸਲਮ ਦਾ ਦਾਮਨ ਤਾਂ ਬਹਿਰਹਾਲ ਪਾਕ ਹੈ ।

ਇਹ ਪ੍ਰਸ਼ਨ ਵੀ ਕਈਆਂ ਨੇ ਚੁੱਕਿਆ ਕਿ ਕੀ ਜੰਗ ਵਿੱਚ ਝੂਠ ਬੋਲਣਾ ਅਤੇ ਧੋਖਾ ਦੇਣਾ ਜਾਇਜ਼ ਹੈ ਕਈ ਰਿਵਾਇਤਾਂ ਵਿੱਚ ਇਹ ਵਰਨਣ ਹੋਇਆ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਫ਼ਰਮਾਇਆ ਕਰਦੇ ਸਨ ਕਿ 'ਅਲਹਰਬੁ ਖ਼ਦਅਤਾ' ਅਰਥਾਤ ਜੰਗ ਤਾਂ ਇਕ ਧੋਖਾ ਹੈ ਅਤੇ ਇਸ ਤੋਂ ਇਹ ਸਿਟੱਾ ਕੱਢਿਆ ਜਾਂਦਾ ਹੈ ਕਿ

ਨਊਜ਼ਬਿਲੱਾਹ, ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਵੱਲੋਂ ਜੰਗ ਵਿੱਚ ਧੋਖਾ ਦੇਣ ਦੀ ਆਗਿਆ ਸੀ । ਹਾਲਾਂਕਿ ਅਲਹਰਬੁ ਖ਼ਦਅਤਾ ਦੇ ਇਹ ਅਰਥ ਨਹੀਂ ਹਨ ਕਿ ਜੰਗ ਵਿੱਚ ਧੋਖਾ ਕਰਨਾ ਜਾਇਜ਼ ਹੈ ਸਗੋਂ ਇਸ ਦੇ ਅਰਥ ਕੇਵਲ ਇਹ ਹਨ ਕਿ ਜੰਗ ਆਪ ਇਕ ਧੋਖਾ ਹੈ । ਅਤੇ ਦੂਜੀ ਰਿਵਾਇਤ ਵਿੱਚ ਇਹ ਹੈ ਕਿ ਸਮੀਉਲ ਹਰਬੁ ਖ਼ਦਅਤਾ ਅਰਥਾਤ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਜੰਗ ਦਾ ਨਾਂ ਧੋਖਾ ਰੱਖਿਆ ਸੀ ਅਤੇ ਦੋਹਾਂ ਨੂੰ ਇਕੱਠਿਆ ਕਰਨ ਨਾਲ ਇਹ ਸਿਟੱਾ ਨਿਕਲਦਾ ਹੈ ਕਿ ਆਪਦਾ ਮੰਤਵ ਇਹ ਨਹੀਂ ਸੀ ਕਿ ਜੰਗ ਵਿੱਚ ਧੋਖਾ ਕਰਨਾ ਜਾਇਜ਼ ਹੈ ਸਗੋਂ ਇਹ ਸੀ ਕਿ ਜੰਗ ਆਪਣੇ ਆਪ ਵਿੱਚ ਧੋਖਾ ਦੇਣ ਵਾਲੀ ਚੀਜ਼ ਹੈ ।

ਹੁਣ ਦਾਉ ਪੇਚ ਦੀਆਂ ਵੀ ਵੱਖ ਵੱਖ ਹਾਲਤਾਂ ਹੋ ਸਕਦੀਆਂ ਹਨ । ਉਧਾਰਣ ਲਈ ਸਹੀ ਰਿਵਾਇਤ ਤੋਂ ਇਹ ਪ੍ਰਮਾਣਤ ਹੈ ਕਿ ਆਂਹਜ਼ਰਤ ਸਲਲੱਾਹੁ ਆਲੈਹਿ ਵਸਲਮ ਜੱਦ ਕਿਸੇ ਮੁਹਿਮ ਵਿੱਚ ਨਿਕਲਦੇ ਤਾਂ ਸਾਧਾਰਣਤਾ ਆਪਣੇ ਮੰਤਵ ਨੂੰ ਜ਼ਾਹਰ ਨਹੀਂ ਕਰਦੇ ਸਨ ਅਤੇ ਕਈ ਵਾਰ ਅਜਿਹਾ ਵੀ ਕਰਦੇ ਸਨ ਕਿ ਜਾਣਾ ਤਾਂ ਦਖੱਣ ਵੱਲ ਹੁੰਦਾ ਸੀ ਪਰ ਅਰੰਭ ਵਿੱਚ ਉਤੱਰ ਵੱਲ ਮੂੰਹ ਕਰਕੇ ਚਲ ਪੈਂਦੇ ਅਤੇ ਮਾਰਗ ਵਿੱਚੋਂ ਫਿਰ ਚਕੱਰ ਕਟੱਕੇ ਦਖੱਣ ਵੱਲ ਪਰਤ ਜਾਂਦੇ ਜਾਂ ਕਦੇ ਕੋਈ ਵਿਅਕਤੀ ਪੁਛੱਦਾ ਸੀ ਕਿ ਕਿਧੱਰੋਂ ਆਏ ਹੋ ਤਾਂ ਮਦੀਨਿ ਦਾ ਨਾਂ ਲੈਂਣ ਦੀ ਥਾਂ ਨੇੜੇ ਜਾਂ ਮਾਰਗ ਦੇ ਪੜਾਅ ਦਾ ਨਾਲ ਲੈ ਲੈਂਦੇ ਸਨ ਜਾਂ ਇਸੇ ਪ੍ਰਕਾਰ ਦੀ ਕੋਈ ਜਾਇਜ਼ ਜੰਗੀ ਵਿਉਂਤ ਧਾਰਨ ਕਰ ਲੈਂਦੇ ਸਨ ਜਾਂ ਜਿਵੇਂ ਕਿ ਕੁਰਆਨ ਸ਼ਰੀਫ਼ ਵਿੱਚ ਸੰਕੇਤ ਕੀਤਾ ਗਿਆ ਹੈ ਕਿ ਸਹਾਬਾ ਕਈ ਵਾਰ ਅਜਿਹਾ ਕਰਿਆ ਕਰਦੇ ਸਨ ਕਿ ਉਹ ਦੁਸ਼ਮਣ ਨੂੰ ਗ਼ਾਫ਼ਲ ਰਖੱਣ ਲਈ ਜੰਗ ਵਿੱਚ ਪਹਿਲਾਂ ਪਿੱਛੇ ਹਟੱਣਾ ਸ਼ੁਰੂ ਕਰ ਦਿੰਦੇ ਸਨ ਅਤੇ ਜੱਦ ਦੁਸ਼ਮਣ ਗ਼ਾਫ਼ਲ ਹੋ ਜਾਂਦਾ ਅਤੇ ਉਸ ਦੀਆਂ ਪੰਕਤੀਆਂ ਵਿੱਚ ਹੈਂਕੜ ਆ ਜਾਂਦਾ ਸੀ ਤਾਂ ਅਚਨਚੇਤ ਹਮਲਾ ਕਰ ਦਿੰਦੇ ਸਨ ਅਤੇ ਇਹ ਸਾਰੀਆਂ ਹਾਲਤਾਂ ਇਸ 'ਖ਼ਦਅ' ਵਿੱਚ ਆਉਂਦੀਆਂ ਹਨ, ਜਿਸ ਨੂੰ ਜੰਗ ਵਿੱਚ ਜਾਇਜ਼ ਕਰਾਰ ਦਿਤੱਾ ਗਿਆ ਹੈ । ਪਰ ਇਹ ਕਿ ਝੂਠ ਤੇ ਗ਼ਦੱਾਰੀ ਆਦਿ ਨਾਲ ਕੰਮ ਲਿਆ ਜਾਏ ਇਸ ਤੋਂ ਇਸਲਾਮ ਅਤਿਅੰਤ ਸਖ਼ਤੀ ਨਾਲ ਮਨਾ ਕਰਦਾ ਹੈ ।


**Khulasa Khutba Jumma 07.02.2020**

Delivered By : Hadhrat Khalifatul Masih Vth (atba)

Summarized by : Majlis Ansarullah Bharat

Tarnslated by : Shamshad Ahmad Eden, from Punjabi Desk

From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131